# CM DEDICATES FIRST BOUTIQUE AND HERITAGE HOTEL OF PUNJAB TO PEOPLE

## VOWS TO TAKE THE TOURISM SECTOR IN THE STATE TO A NEW ZENITH

## STATE GOVERNMENT TO CONSTRUCT A HERITAGE STREET AT THE NATIVE VILLAGE OF SHAHEED-E-AAZAM BHAGAT SINGH

## ANYONE FREE TO FORM POLITICAL PARTY BUT ITS FATE WILL BE DECIDED BY PEOPLE

## SEED OF HATRED WILL NEVER GERMINATE ON SACRED LAND OF PUNJAB

Patiala, January 15:

Punjab Chief Minister Bhagwant Singh Mann on Wednesday dedicated the first of its kind boutique and heritage hotel Ran Baas- Palace constructed at Quilla Mubarak here in the royal city to the people.

The Chief Minister said that this aesthetically designed hotel has been built on PPP mode and will set a new benchmark in comfort, hospitality and elegance. He envisioned that magnificent hotel will be a favourite place for destination weddings and others. Bhagwant Singh Mann said that this Hotel will give a big boost to the tourism sector in the state in general and the royal city of Patiala in particular.

The Chief Minister expressed hope that the tourists will have a comfortable stay in the Hotel and they will enjoy the warm hospitality of the state during their visit. He said that this hotel will give further impetus to tourism in the royal city by providing a comprehensive and holistic wedding destination, in addition to its current status as a hub for religious tourism. Bhagwant Singh Mann said that besides grandeur this hotel is a reflection of the glorious cultural heritage of the state.

The Chief Minister expressed the state government's unwavering commitment to making Punjab a leading tourist destination in the country through such projects. He said that day one after assuming charge of office it is his dream to showcase hidden aspects of vibrant and blessed Punjab to people across the globe. Bhagwant Singh Mann said that from day one his government is working

tirelessly to enhance the income of the state exchequer adding that this is a step in this direction only.

The Chief Minister said that geographically Punjab is blessed land adding that the state government intends to take the tourism sector to a new zenith. He said that areas around Chohal Dam, Ranjit Sagar Dam, Shahpur Kandi Dam and Kandi areas of the state are being developed as ideal tourist destinations for attracting the tourists from across the globe. Bhagwant Singh Mann said that there is a huge potential for developing these areas as a tourist destination for which all out efforts are being made.

The Chief Minister said that the state government has land even in other states like Goa, Jaipur (Rajasthan), Mcleodganj (Himachal Pradesh) and others which will be developed in coming days. He said that earlier the previous state governments used to sell the prime properties of the state to their close friends but now a reverse trend is being witnessed as the state government is developing these sites. Citing an example, Bhagwant Singh Mann said that the state has created history by purchasing Goindwal power plant owned by a private company GVK Power adding that for the first time this reverse trend has started that the government has purchased any private power plant whereas in the past the state governments used to sell their assets to the favorite individuals at 'throw away' prices.

The Chief Minister said that this is the first heritage hotel of the state adding that more such projects will be developed in the state by optimally utilizing the historic buildings of the state. He said that Punjab has a lot of scenic beauty in the state which can be duly utilized by the film industry and others adding that the state government is working tirelessly on this mission. Bhagwant Singh Mann said that the state government is leaving no stone unturned for giving major fillip to the tourism sector in the state.

The Chief Minister said that the state government will construct a heritage street at the native village of Shaheed-e-Aazam Bhagat Singh to showcase the glorious contribution of Punjab and Punjabis in the national freedom struggle. He said that this 850 metre long heritage street will be constructed from the existing Museum to the ancestral house at Shaheed Bhagat Singh at Khatkar Kalan. Bhagwant Singh Mann said that this street will showcase the glorious contribution of the state in the national freedom struggle thereby inspiring the youth to work zealously for the country.

The Chief Minister said that anyone has the right to form political parties in the state and the country but it is upto people to decide its fate. He said that the social bonding in the state is so strong that any seed could grow on the fertile land of

Punjab but the seed of hatred will never germinate here at any cost. Bhagwant Singh Mann said that Punjab is a sacred land of great Gurus, saints and seers who have shown us the path of mutual love and tolerance.

The Chief Minister said that located within Patiala's 18th-century Qila Mubarak complex, Ran Baas- the Palace is a celebration of rich legacy, royal heritage, and bountiful culture of Punjab. Bhagwant Singh Mann said that Ran Baas offers 35 suites, a range of dining and wellness amenities and curated immersive experiences for the modern travelers. He said that the palace and the larger fort, boasts of an enduring, eclectic legacy steeped in royal culture from the celebratory traditions of Patiala to the architectural character of the palace itself.

The Chief Minister said that this hotel has lent its own layer to this rich history, bringing experiences and services to the tourists. Bhagwant Singh Mann said that the majestic fort is a key landmark in India's history and a remarkable example of the synthesis between late Mughal and Rajasthani architectural styles, reflecting a rich cultural heritage. He expressed his appreciation for the remarkable addition to Punjab's hospitality landscape, recognizing its potential to position Patiala as a tourist destination.

The Chief Minister expressed hope that this prestigious project will drive tourism, create opportunities for local businesses and showcasing Patiala's rich cultural identity and heritage to attract global travellers, contributing to the region's economic growth. Bhagwant Singh Mann said that the hotel has been restored as Punjab's first luxury palace hotel, seamlessly blending heritage with contemporary luxury. He said that the palace blends the old with the new, merging late Mughal, Rajput, Sikh, and Colonial styles while preserving the architectural integrity of Punjab's rich heritage.

The Chief Minister said that spread across three floors, it will offer an array of modern amenities, including an all-day dining restaurant and others. Bhagwant Singh Mann said that in addition to offering opulent accommodations, Ran Baas- the Palace provides a range of exhibition and baithak spaces, perfect for adding a touch of royal grandeur to private events and celebrations. He said that located near key tourist attractions, religious sites, and popular daily excursions, the hotel offers an ideal base for exploring the city.

The Chief Minister said that the dedication of this hotel reflects a significant milestone in Punjab government's commitment to preserve the glorious cultural heritage of the state. He said that due to its marvelous location, opulence and excellent rail, air and road connectivity this hotel will become a treasured destination for tourists.

-------------

ਮੁੱਖ ਮੰਤਰੀ ਵੱਲੋਂ ਪੰਜਾਬ ਦਾ ਪਹਿਲਾ ਬੁਟੀਕ ਅਤੇ ਵਿਰਾਸਤੀ ਹੋਟਲ ਲੋਕਾਂ ਨੂੰ ਸਮਰਪਿਤ

* ਸੂਬੇ ਦੇ ਸੈਰ-ਸਪਾਟਾ ਖੇਤਰ ਨੂੰ ਨਵੇਂ ਸਿਖਰ 'ਤੇ ਲੈ ਜਾਣ ਦਾ ਪ੍ਰਣ ਲਿਆ

* ਸੂਬਾ ਸਰਕਾਰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਵਿਖੇ ਵਿਰਾਸਤੀ ਗਲੀ ਦਾ ਕਰੇਗੀ ਨਿਰਮਾਣ
* ਸਿਆਸੀ ਪਾਰਟੀ ਬਣਾਉਣ ਲਈ ਹਰ ਕੋਈ ਆਜ਼ਾਦ ਪਰ ਇਸ ਦੀ ਕਿਸਮਤ ਦਾ ਫੈਸਲਾ ਲੋਕਾਂ ਦੇ ਹੱਥ
* ਪੰਜਾਬ ਦੀ ਪਵਿੱਤਰ ਧਰਤੀ 'ਤੇ ਕਦੇ ਨਹੀਂ ਉੱਗ ਸਕੇਗਾ ਨਫ਼ਰਤ ਦਾ ਬੀਜ

ਪਟਿਆਲਾ, 15 ਜਨਵਰੀ:

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸ਼ਾਹੀ ਸ਼ਹਿਰ ਦੇ ਕਿਲ੍ਹਾ ਮੁਬਾਰਕ ਵਿਖੇ ਬਣਾਇਆ ਗਿਆ ਆਪਣੀ ਕਿਸਮ ਦਾ ਪਹਿਲਾ ਬੁਟੀਕ ਅਤੇ ਵਿਰਾਸਤੀ ਹੋਟਲ ਰਨ ਬਾਸ- ਪੈਲੇਸ ਲੋਕਾਂ ਨੂੰ ਸਮਰਪਿਤ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਬਾਖੂਬੀ ਢੰਗ ਨਾਲ ਡਿਜ਼ਾਈਨ ਕੀਤਾ ਗਿਆ ਅਤੇ ਜਨਤਕ ਨਿੱਜੀ ਭਾਈਵਾਲੀ ਤਹਿਤ ਉਸਾਰਿਆ ਗਿਆ ਇਹ ਹੋਟਲ ਐਸ਼ੋ-ਆਰਾਮ, ਮਹਿਮਾਨ ਨਿਵਾਜ਼ੀ ਅਤੇ ਸ਼ਾਨੋ-ਸ਼ੌਕਤ ਦੇ ਮਾਪਦੰਡਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਗਿਆ ਹੈ, ਜੋ ਨਵਾਂ ਮੀਲ ਪੱਥਰ ਸਾਬਤ ਹੋਵੇਗਾ। ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਇਹ ਸ਼ਾਨਦਾਰ ਹੋਟਲ ਡੈਸਟੀਨੇਸ਼ਨ ਵੈਡਿੰਗ ਅਤੇ ਹੋਰ ਪੱਖੋਂ ਤੋਂ ਲੋਕਾਂ ਲਈ ਪਸੰਦੀਦਾ ਸਥਾਨ ਵਜੋਂ ਉੱਭਰ ਕੇ ਸਾਹਮਣੇ ਆਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਹੋਟਲ ਸੂਬੇ ਵਿੱਚ ਸੈਰ-ਸਪਾਟਾ ਖੇਤਰ ਵਿਸ਼ੇਸ਼ ਕਰ ਕੇ ਸ਼ਾਹੀ ਸ਼ਹਿਰ ਪਟਿਆਲਾ ਨੂੰ ਵੱਡਾ ਹੁਲਾਰਾ ਦੇਵੇਗਾ।

ਮੁੱਖ ਮੰਤਰੀ ਨੇ ਉਮੀਦ ਜਤਾਈ ਕਿ ਸੈਲਾਨੀ ਇਸ ਹੋਟਲ ਵਿੱਚ ਆਰਾਮਦਾਇਕ ਠਹਿਰ ਅਤੇ ਸੂਬੇ ਦੀ ਨਿੱਘੀ ਮਹਿਮਾਨ ਨਿਵਾਜ਼ੀ ਦਾ ਆਨੰਦ ਮਾਣਨਗੇ। ਉਨ੍ਹਾਂ ਕਿਹਾ ਕਿ ਇਹ ਹੋਟਲ ਧਾਰਮਿਕ ਸੈਰ-ਸਪਾਟੇ ਦੇ ਕੇਂਦਰ ਵਜੋਂ ਆਪਣੀ ਮੌਜੂਦਾ ਸਥਿਤੀ ਦੇ ਨਾਲ-ਨਾਲ ਡੈਸਟੀਨੇਸ਼ਨ ਵੈਡਿੰਗ ਲਈ ਤਰਜੀਹੀ ਸਥਾਨ ਵਜੋਂ ਸ਼ਾਹੀ ਸ਼ਹਿਰ ਪਟਿਆਲਾ ਵਿਖੇ ਸੈਰ-ਸਪਾਟੇ ਨੂੰ ਵੱਡਾ ਹੁਲਾਰਾ ਦੇਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਪਣੀ ਵਿਲੱਖਣ ਸ਼ਾਨ ਤੋਂ ਇਲਾਵਾ ਇਹ ਹੋਟਲ ਸੂਬੇ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਦਰਸਾਉਂਦਾ ਹੈ।

ਮੁੱਖ ਮੰਤਰੀ ਨੇ ਅਜਿਹੇ ਪ੍ਰਾਜੈਕਟਾਂ ਰਾਹੀਂ ਪੰਜਾਬ ਨੂੰ ਦੇਸ਼ ਦਾ ਮੋਹਰੀ ਸੈਰ-ਸਪਾਟਾ ਸਥਾਨ ਬਣਾਉਣ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਅਹੁਦਾ ਸੰਭਾਲਣ ਦੇ ਪਹਿਲੇ ਦਿਨ ਤੋਂ ਲੈ ਕੇ ਹੀ ਇਹ ਉਨ੍ਹਾਂ ਦਾ ਸੁਪਨਾ ਰਿਹਾ ਹੈ ਕਿ ਪੰਜਾਬ ਦੀ ਵੰਨ-ਸੁਵੰਨਤਾ ਅਤੇ ਅਮੀਰ ਸੱਭਿਆਚਾਰਕ ਵਿਰਾਸਤ ਵਰਗੇ ਪਹਿਲੂਆਂ ਨੂੰ ਦੁਨੀਆ ਭਰ ਦੇ ਲੋਕਾਂ ਦੇ ਸਾਹਮਣੇ ਲੈ ਕੇ ਆਉਣ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲੇ ਦਿਨ ਤੋਂ ਹੀ ਉਨ੍ਹਾਂ ਦੀ ਸਰਕਾਰ ਸਰਕਾਰੀ ਖਜ਼ਾਨੇ ਦੀ ਆਮਦਨ ਵਧਾਉਣ ਲਈ ਅਣਥੱਕ ਮਿਹਨਤ ਕਰ ਰਹੀ ਹੈ ਅਤੇ ਇਸ ਹੋਟਲ ਦੀ ਉਸਾਰੀ ਇਸ ਦਿਸ਼ਾ ਵਿੱਚ ਇੱਕ ਸਾਰਥਕ ਕਦਮ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਭੂਗੋਲਿਕ ਤੌਰ 'ਤੇ ਪੰਜਾਬ ਨੂੰ ਕੁਦਰਤ ਨੇ ਬਹੁਤ ਸੁੰਦਰ ਦ੍ਰਿਸ਼ਾਂ ਅਤੇ ਅਨਮੋਲ ਸਰੋਤਾਂ

ਦਾ ਖਜ਼ਾਨਾ ਦਿੱਤਾ ਹੈ ਅਤੇ ਸੂਬਾ ਸਰਕਾਰ ਸੈਰ-ਸਪਾਟੇ ਨੂੰ ਨਵੀਂ ਸਿਖਰ 'ਤੇ ਲੈ ਜਾਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਦੁਨੀਆ ਭਰ ਦੇ ਸੈਲਾਨੀਆਂ ਨੂੰ ਆਕਰਸ਼ਿਤ ਕਰਨ ਲਈ ਸੂਬੇ ਦੇ ਚੋਹਾਲ ਡੈਮ, ਰਣਜੀਤ ਸਾਗਰ ਡੈਮ, ਸ਼ਾਹਪੁਰ ਕੰਢੀ ਡੈਮ ਅਤੇ ਕੰਢੀ ਖੇਤਰਾਂ ਨੂੰ ਵਿਲੱਖਣ ਸੈਰ-ਸਪਾਟਾ ਸਥਾਨਾਂ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਖੇਤਰਾਂ ਨੂੰ ਸੈਰ-ਸਪਾਟਾ ਸਥਾਨ ਵਜੋਂ ਵਿਕਸਤ ਕਰਨ ਦੀ ਵੱਡੀ ਸੰਭਾਵਨਾ ਹੈ, ਜਿਸ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਕੋਲ ਗੋਆ, ਜੈਪੁਰ (ਰਾਜਸਥਾਨ), ਮੈਕਲੋਡਗੰਜ (ਹਿਮਾਚਲ ਪ੍ਰਦੇਸ਼) ਅਤੇ ਹੋਰ ਰਾਜਾਂ ਵਿੱਚ ਵੀ ਜ਼ਮੀਨ ਹੈ, ਜਿਸ ਨੂੰ ਆਗਾਮੀ ਦਿਨਾਂ ਵਿੱਚ ਸੈਰ-ਸਪਾਟੇ ਦੇ ਸਥਾਨਾਂ ਵਜੋਂ ਵਿਕਸਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਸੂਬੇ ਦੀਆਂ ਅਨਮੋਲ ਸੰਪਤੀਆਂ ਆਪਣੇ ਨਜ਼ਦੀਕੀ ਦੋਸਤਾਂ ਨੂੰ ਵੇਚੀਆਂ ਪਰ ਇਸ ਦੇ ਉਲਟ ਉਨ੍ਹਾਂ ਦੀ ਸਰਕਾਰ ਇਨ੍ਹਾਂ ਸਥਾਨਾਂ ਨੂੰ ਵੱਖ-ਵੱਖ ਨਜ਼ਰੀਏ ਤੋਂ ਵਿਕਸਤ ਕਰ ਰਹੀ ਹੈ। ਇੱਕ ਉਦਾਹਰਣ ਦਿੰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਨੇ ਨਿੱਜੀ ਕੰਪਨੀ ਜੀ.ਵੀ.ਕੇ. ਪਾਵਰ ਤੋਂ ਗੋਇੰਦਵਾਲ ਪਾਵਰ ਪਲਾਂਟ ਨੂੰ ਖਰੀਦ ਕੇ ਇਤਿਹਾਸ ਰਚਿਆ ਹੈ। ਉਨ੍ਹਾਂ ਕਿਹਾ ਕਿ ਪਹਿਲੀ ਵਾਰ ਇਹ ਦੇਖਣ ਨੂੰ ਮਿਲਿਆ ਹੈ ਕਿ ਸਰਕਾਰ ਨੇ ਕੋਈ ਨਿੱਜੀ ਪਾਵਰ ਪਲਾਂਟ ਖਰੀਦਿਆ ਹੈ, ਜਦੋਂ ਕਿ ਪਿਛਲੀਆਂ ਸਰਕਾਰਾਂ ਨੇ ਸੂਬੇ ਦੀਆਂ ਅਨਮੋਲ ਸੰਪਤੀਆਂ ਆਪਣੇ ਨੇੜਲੇ ਸਾਥੀਆਂ ਨੂੰ 'ਕੌਡੀਆਂ ਦੇ ਭਾਅ' ਵੇਚ ਦਿੱਤਾ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਸੂਬੇ ਦਾ ਪਹਿਲਾ ਵਿਰਾਸਤੀ ਹੋਟਲ ਹੈ ਅਤੇ ਸੂਬੇ ਦੀਆਂ ਇਤਿਹਾਸਕ ਇਮਾਰਤਾਂ ਦੀ ਸਰਬੋਤਮ ਵਰਤੋਂ ਕਰਕੇ ਅਜਿਹੇ ਹੋਰ ਪ੍ਰਾਜੈਕਟ ਵਿਕਸਤ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਕੁਦਰਤੀ ਤੌਰ 'ਤੇ ਸੁੰਦਰ ਦ੍ਰਿਸ਼ਾਂ ਨਾਲ ਭਰਪੂਰ ਹੈ, ਜਿਸ ਦੀ ਵਰਤੋਂ ਫਿਲਮ ਇੰਡਸਟਰੀ ਅਤੇ ਹੋਰ ਉਦਯੋਗ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਮਿਸ਼ਨ ਲਈ ਅਣਥੱਕ ਮਿਹਨਤ ਕਰ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਸੂਬੇ ਵਿੱਚ ਸੈਰ-ਸਪਾਟਾ ਖੇਤਰ ਨੂੰ ਵੱਡਾ ਹੁਲਾਰਾ ਦੇਣ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਵਿਖੇ ਇੱਕ ਵਿਰਾਸਤੀ ਗਲੀ ਦਾ ਨਿਰਮਾਣ ਕਰੇਗੀ, ਜੋ ਕੌਮੀ ਆਜ਼ਾਦੀ ਸੰਗਰਾਮ ਵਿੱਚ ਪੰਜਾਬ ਅਤੇ ਪੰਜਾਬੀਆਂ ਦੇ ਸ਼ਾਨਦਾਰ ਯੋਗਦਾਨ ਨੂੰ ਦਰਸਾਏਗੀ। ਉਨ੍ਹਾਂ ਕਿਹਾ ਕਿ ਇਹ 850 ਮੀਟਰ ਲੰਬੀ ਵਿਰਾਸਤੀ ਗਲੀ ਮੌਜੂਦਾ ਅਜਾਇਬ ਘਰ ਤੋਂ ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਤੱਕ ਬਣਾਈ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਗਲੀ ਕੌਮੀ ਆਜ਼ਾਦੀ ਸੰਗਰਾਮ ਵਿੱਚ ਸੂਬੇ ਦੇ ਸ਼ਾਨਦਾਰ ਯੋਗਦਾਨ ਨੂੰ ਦਰਸਾਉਂਦੀ ਹੈ, ਜੋ ਨੌਜਵਾਨਾਂ ਨੂੰ ਦੇਸ਼ ਲਈ ਪੂਰੇ ਜੋਸ਼ ਨਾਲ ਕੰਮ ਕਰਨ ਲਈ ਪ੍ਰੇਰਿਤ ਕਰਦੀ ਰਹੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਅਤੇ ਦੇਸ਼ ਵਿੱਚ ਕਿਸੇ ਨੂੰ ਵੀ ਸਿਆਸੀ ਪਾਰਟੀਆਂ ਬਣਾਉਣ ਦਾ ਅਧਿਕਾਰ ਹੈ ਪਰ ਇਸ ਦੀ ਕਿਸਮਤ ਦਾ ਫੈਸਲਾ ਕਰਨਾ ਲੋਕਾਂ ਦੇ ਹੱਥ ਵਿੱਚ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਆਪਸੀ ਸਾਂਝ ਇੰਨੀ ਮਜ਼ਬੂਤ ਹੈ ਕਿ ਪੰਜਾਬ ਦੀ ਉਪਜਾਊ ਧਰਤੀ 'ਤੇ ਇੱਥੇ ਕੁਝ ਵੀ ਉੱਗ ਸਕਦਾ ਹੈ ਪਰ ਨਫ਼ਰਤ ਦਾ ਬੀਜ ਨਹੀਂ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਮਹਾਨ ਗੁਰੂਆਂ, ਸੰਤਾਂ ਅਤੇ ਪੀਰ-ਪੈਗੰਬਰਾਂ ਦੀ ਪਵਿੱਤਰ ਧਰਤੀ ਹੈ, ਜਿਨ੍ਹਾਂ ਨੇ ਸਾਨੂੰ ਆਪਸੀ ਪਿਆਰ ਅਤੇ ਸਹਿਣਸ਼ੀਲਤਾ ਦਾ ਰਸਤਾ ਦਿਖਾਇਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਟਿਆਲਾ ਦੇ 18ਵੀਂ ਸਦੀ ਦੇ ਕਿਲ੍ਹਾ ਮੁਬਾਰਕ ਕੰਪਲੈਕਸ ਦੇ ਅੰਦਰ ਸਥਿਤ, ਰਨ ਬਾਸ ਪੈਲੇਸ ਸੂਬੇ ਦੀ ਅਮੀਰ, ਸ਼ਾਹੀ ਅਤੇ ਸੱਭਿਆਚਾਰਕ ਵਿਰਾਸਤ ਨੂੰ ਦਰਸਾਉਂਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਰਣ ਬਾਸ ਵਿਲੱਖਣ 35 ਸੂਟਜ਼, ਲਜ਼ੀਜ਼ ਖਾਣ-ਪਾਣ ਤੋਂ ਇਲਾਵਾ ਸਿਹਤ ਤੇ ਤੰਦਰੁਸਤੀ ਲਈ ਵੱਖ-ਵੱਖ ਸਹੂਲਤਾਂ ਨਾਲ ਇਹ ਪੈਲੇਸ ਸੈਲਾਨੀਆਂ ਨੂੰ ਅਦਭੁੱਤ ਅਨੁਭਵ ਪ੍ਰਦਾਨ ਕਰੇਗਾ। ਉਨ੍ਹਾਂ ਕਿਹਾ ਕਿ ਇਹ ਪੈਲੇਸ ਅਤੇ ਵਿਸ਼ਾਲ ਕਿਲ੍ਹਾ, ਸ਼ਾਹੀ ਸ਼ਹਿਰ ਪਟਿਆਲਾ ਦੀਆਂ ਰਿਵਾਇਤੀ ਪਰੰਪਰਾਵਾਂ ਤੋਂ ਲੈ ਕੇ ਮਹਿਲ ਦੀ ਵਾਸਤੂ ਕਲਾ ਤੱਕ ਇਸ ਦੀ ਅਮੀਰ ਵਿਰਾਸਤ ਨੂੰ ਦਰਸਾਉਂਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਆਪਣੀ ਕਿਸਮ ਦੇ ਪਹਿਲੇ ਹੋਟਲ ਵਿੱਚ ਸੂਬੇ ਦੀ ਅਮੀਰ ਵਿਰਾਸਤ ਅਤੇ ਸੱਭਿਆਚਾਰ ਨੂੰ ਆਧੁਨਿਕ ਅਤੇ ਬਾਖੂਬੀ ਢੰਗ ਨਾਲ ਦਰਸਾਇਆ ਗਿਆ ਹੈ ਅਤੇ ਸੈਲਾਨੀਆਂ ਨੂੰ ਵਿਲੱਖਣ ਅਨੁਭਵ ਅਤੇ ਉੱਚ-ਪੱਧਰੀ ਸੇਵਾਵਾਂ ਪ੍ਰਦਾਨ ਕਰੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸ਼ਾਨਦਾਰ ਕਿਲ੍ਹਾ ਭਾਰਤ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ ਅਤੇ ਇਹ ਸੂਬੇ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਦਰਸਾਉਂਦਾ ਹੈ, ਜੋ ਮੁਗਲ ਅਤੇ ਰਾਜਸਥਾਨੀ ਵਾਸਤੂ ਕਲਾ ਸ਼ੈਲੀਆਂ ਦੇ ਆਪਸੀ ਮਿਸ਼ਰਣ ਦੀ ਇੱਕ ਸ਼ਾਨਦਾਰ ਉਦਾਹਰਣ ਹੈ। ਉਨ੍ਹਾਂ ਨੇ ਪਟਿਆਲਾ ਨੂੰ ਇੱਕ ਸੈਰ-ਸਪਾਟਾ ਸਥਾਨ ਵਜੋਂ ਸਥਾਪਤ ਕਰਨ ਲਈ ਪੰਜਾਬ ਦੀ ਅਥਾਹ ਸੰਭਾਵਨਾ ਨੂੰ ਮਾਨਤਾ ਦਿੰਦਿਆਂ ਕਿਹਾ ਕਿ ਇਹ ਹੋਟਲ ਪੰਜਾਬ ਦੀ ਮਹਿਮਾਨ ਨਿਵਾਜ਼ੀ ਵਿੱਚ ਨਵੀਂ ਪੁਲਾਂਘ ਹੈ ।

ਮੁੱਖ ਮੰਤਰੀ ਨੇ ਉਮੀਦ ਪ੍ਰਗਟ ਕੀਤੀ ਕਿ ਇਹ ਵੱਕਾਰੀ ਪ੍ਰਾਜੈਕਟ ਸੈਰ-ਸਪਾਟੇ ਨੂੰ ਨਵੀਆਂ ਸਿਖਰਾਂ 'ਤੇ ਲੈ ਜਾਣ ਦੇ ਨਾਲ-ਨਾਲ ਸਥਾਨਕ ਕਾਰੋਬਾਰਾਂ ਲਈ ਮੌਕੇ ਪੈਦਾ ਕਰੇਗਾ ਅਤੇ ਪਟਿਆਲਾ ਦੀ ਅਮੀਰ ਸੱਭਿਆਚਾਰਕ ਪਛਾਣ ਅਤੇ ਵਿਰਾਸਤ ਨੂੰ ਪ੍ਰਦਰਸ਼ਿਤ ਕਰਦਿਆਂ ਵਿਸ਼ਵ ਭਰ ਤੋਂ ਸੈਲਾਨੀਆਂ ਨੂੰ ਆਕਰਸ਼ਿਤ ਕਰੇਗਾ, ਜਿਸ ਨਾਲ ਖੇਤਰ ਦੇ ਆਰਥਿਕ ਵਿਕਾਸ ਨੂੰ ਹੁਲਾਰਾ ਮਿਲੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਹੋਟਲ ਨੂੰ ਪੰਜਾਬ ਦੇ ਪਹਿਲੇ ਲਗਜ਼ਰੀ ਪੈਲੇਸ ਹੋਟਲ ਵਜੋਂ ਬਹਾਲ ਕੀਤਾ ਗਿਆ ਹੈ, ਜੋ ਆਧੁਨਿਕ ਸਹੂਲਤਾਂ ਅਤੇ ਸੂਬੇ ਦੀ ਅਮੀਰ ਵਿਰਾਸਤ ਦਾ ਵਿਲੱਖਣ ਸੁਮੇਲ ਹੈ। ਉਨ੍ਹਾਂ ਕਿਹਾ ਕਿ ਇਹ ਮਹਿਲ ਮੁਗਲ, ਰਾਜਪੂਤ, ਸਿੱਖ ਅਤੇ ਬਸਤੀਵਾਦੀ ਵਾਸਤੂ ਕਲਾ ਅਤੇ ਸ਼ੈਲੀਆਂ ਦਾ ਅਦਭੁੱਤ ਸੁਮੇਲ ਹੈ, ਜੋ ਪੰਜਾਬ ਦੀ ਅਮੀਰ ਵਿਰਾਸਤ ਨੂੰ ਬਣਾਈ ਰੱਖਣ ਵਿੱਚ ਅਹਿਮ ਸਿੱਧ ਹੋਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਤਿੰਨ ਮੰਜ਼ਿਲਾਂ ਵਿੱਚ ਫੈਲਿਆ ਇਹ ਹੋਟਲ ਆਧੁਨਿਕ ਸਹੂਲਤਾਂ ਨਾਲ ਲੈਸ ਹੈ, ਜਿਸ ਵਿੱਚ ਦਿਨ ਭਰ ਖਾਣ-ਪੀਣ ਦੀ ਸਹੂਲਤ ਵਾਲੇ ਰੇਸਤਰਾਂ ਨਾਲ ਹੋਰ ਬਹੁਤ ਕੁਝ ਸ਼ਾਮਲ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ਼ਾਨਦਾਰ ਰਿਹਾਇਸ਼ ਦੀ ਪੇਸ਼ਕਸ਼ ਦੇ ਨਾਲ-ਨਾਲ, ਰਨ ਬਾਸ-ਦ ਪੈਲੇਸ ਪ੍ਰਦਰਸ਼ਨੀ ਅਤੇ ਬੈਠਕ ਸਥਾਨਾਂ ਦੀ ਸਹੂਲਤ ਪ੍ਰਦਾਨ ਕਰਦਾ ਹੈ, ਜੋ ਨਿੱਜੀ ਸਮਾਗਮਾਂ ਅਤੇ ਜਸ਼ਨਾਂ ਵਿੱਚ ਸ਼ਾਹੀ ਅਹਿਸਾਸ ਭਰਨ ਲਈ ਪੂਰੀ ਤਰ੍ਹਾਂ ਸੰਪੂਰਨ ਹੈ। ਉਨ੍ਹਾਂ ਕਿਹਾ ਕਿ ਸੈਲਾਨੀਆਂ ਲਈ ਆਕਰਸ਼ਿਤ ਥਾਵਾਂ ਤੇ ਧਾਰਮਿਕ ਅਤੇ ਘੁੰਮਣ ਫਿਰਨ ਲਈ ਹੋਰ ਸਥਾਨਾਂ ਦੇ ਨੇੜੇ ਸਥਿਤ ਹੋਣ ਕਰ ਕੇ ਇਹ ਹੋਟਲ ਸ਼ਾਹੀ ਸ਼ਹਿਰ ਨੂੰ ਚੰਗੀ ਤਰ੍ਹਾਂ ਦੇਖਣ ਦਾ ਵਿਸ਼ਾਲ ਤਜਰਬਾ ਪ੍ਰਦਾਨ ਕਰਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਹੋਟਲ ਪੰਜਾਬ ਸਰਕਾਰ ਦੀ ਸੂਬੇ ਦੀ ਸ਼ਾਨਦਾਰ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਣ ਦੀ ਵਚਨਬੱਧਤਾ ਪ੍ਰਤੀ ਮਹੱਤਵਪੂਰਨ ਮੀਲ ਪੱਥਰ ਹੈ। ਉਨ੍ਹਾਂ ਕਿਹਾ ਕਿ ਆਪਣੀ ਸ਼ਾਨਦਾਰ ਸਥਿਤੀ ਅਤੇ ਢੁਕਵੀਂ ਰੇਲ, ਹਵਾਈ ਤੇ ਸੜਕੀ ਸੰਪਰਕ ਕਾਰਨ ਇਹ ਹੋਟਲ ਸੈਲਾਨੀਆਂ ਲਈ ਸੈਰ-ਸਪਾਟੇ ਦਾ ਪਸੰਦੀਦਾ ਸਥਾਨ ਬਣ ਜਾਵੇਗਾ।

**मुख्यमंत्री की ओर से पंजाब का पहला बुटीक और विरासती होटल जनता को समर्पित**

**- राज्य के पर्यटन क्षेत्र को नई ऊंचाइयों पर ले जाने का संकल्प लिया**

**- राज्य सरकार शहीद-ए-आज़म भगत सिंह के पैतृक गांव में विरासती गली का निर्माण करेगी**

**- राजनीतिक पार्टी बनाने के लिए हर कोई स्वतंत्र, लेकिन इसकी किस्मत का फैसला जनता के हाथ में**

**- पंजाब की पवित्र धरती पर कभी नहीं उग सकेगा नफरत का बीज**

**पटियाला, 15 जनवरी**

पंजाब के मुख्यमंत्री भगवंत सिंह मान ने आज शाही शहर के किला मुबारक में बनाया गया अपनी तरह का पहला बुटीक और विरासती होटल रन बास-पैलेस जनता को समर्पित किया।

मुख्यमंत्री ने कहा कि बखूबी ढंग से डिजाइन किया गया और सार्वजनिक-निजी भागीदारी के तहत बनाया गया यह होटल ऐशो-आराम, मेहमान नवाज़ी और शानो-शौकत के मानकों को ध्यान में रखकर बनाया गया है, जो एक नया मील का पत्थर साबित होगा। उन्होंने उम्मीद जताई कि यह शानदार होटल डेस्टिनेशन वेडिंग और अन्य आयोजनों के लिए लोगों का पसंदीदा स्थान बनकर उभरेगा। भगवंत सिंह मान ने कहा कि यह होटल राज्य में पर्यटन क्षेत्र विशेषकर शाही शहर पटियाला को बड़ा प्रोत्साहन देगा।

मुख्यमंत्री ने उम्मीद जताई कि पर्यटक इस होटल में आरामदायक ठहराव और राज्य की गर्मजोशी भरी मेहमान नवाज़ी का आनंद लेंगे। उन्होंने कहा कि यह होटल धार्मिक पर्यटन के केंद्र के रूप में अपनी मौजूदा स्थिति के साथ-साथ डेस्टिनेशन वेडिंग के लिए प्राथमिक स्थान के रूप में शाही शहर पटियाला में पर्यटन को बड़ा प्रोत्साहन देगा। भगवंत सिंह मान ने कहा कि अपनी विशिष्ट शान के अलावा यह होटल राज्य की समृद्ध सांस्कृतिक विरासत को भी दर्शाता है।

मुख्यमंत्री ने ऐसे परियोजनाओं के माध्यम से पंजाब को देश का प्रमुख पर्यटन स्थल बनाने के लिए राज्य सरकार की दृढ़ प्रतिबद्धता व्यक्त की। उन्होंने कहा कि पद संभालने के पहले दिन से ही यह उनका सपना रहा है कि पंजाब की विविधता और समृद्ध सांस्कृतिक विरासत जैसे पहलुओं को दुनिया भर के लोगों के सामने लाया जाए। भगवंत सिंह मान ने कहा कि पहले दिन से ही उनकी सरकार सरकारी

खजाने की आय बढ़ाने के लिए अथक मेहनत कर रही है और इस होटल का निर्माण इस दिशा में एक सार्थक कदम है।

मुख्यमंत्री ने कहा कि भौगोलिक रूप से पंजाब को प्रकृति ने बहुत सुंदर दृश्यों और अनमोल संसाधनों का खजाना दिया है और राज्य सरकार पर्यटन को नई ऊंचाइयों पर ले जाने के लिए पूरी तरह प्रतिबद्ध है। उन्होंने कहा कि दुनिया भर के पर्यटकों को आकर्षित करने के लिए राज्य के चौहाल डैम, रणजीत सागर डैम, शाहपुर कंडी डैम और कंडी क्षेत्रों को विशिष्ट पर्यटन स्थलों के रूप में विकसित किया जा रहा है। भगवंत सिंह मान ने कहा कि इन क्षेत्रों को पर्यटन स्थल के रूप में विकसित करने की बड़ी संभावना है, जिसके लिए हर संभव प्रयास किए जा रहे हैं।

मुख्यमंत्री ने कहा कि राज्य सरकार के पास गोवा, जयपुर (राजस्थान), मैक्लोडगंज (हिमाचल प्रदेश) और अन्य राज्यों में भी जमीन है, जिसे आने वाले दिनों में पर्यटन स्थलों के रूप में विकसित किया जाएगा। उन्होंने कहा कि पिछली सरकारों ने राज्य की अनमोल संपत्तियों को अपने करीबी दोस्तों को बेच दिया, लेकिन इसके विपरीत उनकी सरकार इन स्थानों को विभिन्न दृष्टिकोणों से विकसित कर रही है। एक उदाहरण देते हुए भगवंत सिंह मान ने कहा कि राज्य ने निजी कंपनी जी.वी.के. पावर से गोइंदवाल पावर प्लांट खरीदकर इतिहास रचा है। उन्होंने कहा कि पहली बार यह देखने को मिला है कि सरकार ने कोई निजी पावर प्लांट खरीदा है, जबकि पिछली सरकारों ने राज्य की अनमोल संपत्तियों को अपने करीबी साथियों को 'कौड़ियों के भाव' बेच दिया।

मुख्यमंत्री ने कहा कि यह राज्य का पहला विरासती होटल है और राज्य की ऐतिहासिक इमारतों का सर्वोत्तम उपयोग करके ऐसे और परियोजनाएं विकसित की जाएंगी। उन्होंने कहा कि पंजाब की धरती प्राकृतिक रूप से सुंदर दृश्यों से भरपूर है, जिसका उपयोग फिल्म उद्योग और अन्य उद्योग कर सकते हैं। उन्होंने कहा कि राज्य सरकार इस मिशन के लिए अथक मेहनत कर रही है। भगवंत सिंह मान ने कहा कि राज्य सरकार राज्य में पर्यटन क्षेत्र को बड़ा प्रोत्साहन देने के लिए कोई कसर नहीं छोड़ रही है।

मुख्यमंत्री ने कहा कि राज्य सरकार शहीद-ए-आज़म भगत सिंह के पैतृक गांव में एक विरासती गली का निर्माण करेगी, जो राष्ट्रीय स्वतंत्रता संग्राम में पंजाब और पंजाबियों के शानदार योगदान को दर्शाएगी। उन्होंने कहा कि यह 850 मीटर लंबी विरासती गली मौजूदा संग्रहालय से खटकर कलां में शहीद भगत सिंह के पैतृक घर तक बनाई जाएगी। भगवंत सिंह मान ने कहा कि यह गली राष्ट्रीय स्वतंत्रता संग्राम में राज्य के शानदार योगदान को दर्शाती है, जो युवाओं को देश के लिए पूरे जोश के साथ काम करने के लिए प्रेरित करती रहेगी।

मुख्यमंत्री ने कहा कि राज्य और देश में किसी को भी राजनीतिक पार्टियां बनाने का अधिकार है, लेकिन इसकी किस्मत का फैसला करना जनता के हाथ में है। उन्होंने कहा कि राज्य में आपसी भाईचारा इतना मजबूत है कि पंजाब की उपजाऊ धरती पर यहां कुछ भी उग सकता है, लेकिन नफरत का बीज नहीं। भगवंत सिंह मान ने कहा कि पंजाब महान गुरुओं, संतों और पीर-फकीरों की पवित्र धरती है, जिन्होंने हमें आपसी प्यार और सहनशीलता का रास्ता दिखाया है।

मुख्यमंत्री ने कहा कि पटियाला के 18वीं सदी के किला मुबारक परिसर के अंदर स्थित, रन बास पैलेस राज्य की समृद्ध, शाही और सांस्कृतिक विरासत को दर्शाता है। भगवंत सिंह मान ने कहा कि रन बास के 35 विशिष्ट सुइट्स, लजीज खान-पान के अलावा स्वास्थ्य और तंदुरुस्ती के लिए विभिन्न सुविधाओं के साथ यह पैलेस पर्यटकों को अद्भुत अनुभव प्रदान करेगा। उन्होंने कहा कि यह पैलेस और विशाल किला, शाही शहर पटियाला की पारंपरिक परंपराओं से लेकर महल की वास्तुकला तक इसकी समृद्ध

विरासत को दर्शाता है।

मुख्यमंत्री ने कहा कि अपनी तरह के पहले होटल में राज्य की समृद्ध विरासत और संस्कृति को आधुनिक और बखूबी ढंग से दर्शाया गया है और यह पर्यटकों को विशिष्ट अनुभव और उच्च-स्तरीय सेवाएं प्रदान करेगा। भगवंत सिंह मान ने कहा कि यह शानदार किला भारत के इतिहास में एक महत्वपूर्ण मील का पत्थर है और यह राज्य की समृद्ध सांस्कृतिक विरासत को दर्शाता है, जो मुगल और राजस्थानी वास्तुकला शैलियों के आपसी मिश्रण का एक शानदार उदाहरण है। उन्होंने पटियाला को एक पर्यटन स्थल के रूप में स्थापित करने के लिए पंजाब की अपार संभावनाओं को मान्यता देते हुए कहा कि यह होटल पंजाब की मेहमान नवाज़ी में एक नई छलांग है।

मुख्यमंत्री ने उम्मीद जताई कि यह अनूठी परियोजना पर्यटन को नई ऊंचाइयों पर ले जाने के साथ-साथ स्थानीय व्यवसायों के लिए अवसर पैदा करेगी और पटियाला की समृद्ध सांस्कृतिक पहचान और विरासत को प्रदर्शित करते हुए दुनिया भर से पर्यटकों को आकर्षित करेगी, जिससे क्षेत्र के आर्थिक विकास को प्रोत्साहन मिलेगा। भगवंत सिंह मान ने कहा कि इस होटल को पंजाब के पहले लग्जरी पैलेस होटल के रूप में बहाल किया गया है, जो आधुनिक सुविधाओं और राज्य की समृद्ध विरासत का अनूठा संयोजन है। उन्होंने कहा कि यह महल मुगल, राजपूत, सिख और औपनिवेशिक वास्तुकला और शैलियों का अद्‌भुत संयोजन है, जो पंजाब की समृद्ध विरासत को बनाए रखने में महत्वपूर्ण साबित होगा।

मुख्यमंत्री ने कहा कि तीन मंजिलों में फैला यह होटल आधुनिक सुविधाओं से लैस है, जिसमें दिन भर खान-पान की सुविधा वाले रेस्तरां के साथ और भी बहुत कुछ शामिल है। भगवंत सिंह मान ने कहा कि शानदार आवास की पेशकश के साथ-साथ, रन बास-द पैलेस प्रदर्शनी और बैठक स्थलों की सुविधा प्रदान करता है, जो निजी समारोहों और उत्सवों में शाही अहसास भरने के लिए पूरी तरह उपयुक्त है। उन्होंने कहा कि पर्यटकों के लिए आकर्षक स्थानों और धार्मिक और पर्यटन स्थलों के निकट स्थित होने के कारण यह होटल शाही शहर को अच्छी तरह से देखने का व्यापक अनुभव प्रदान करता है।

मुख्यमंत्री ने कहा कि यह होटल पंजाब सरकार की राज्य की शानदार सांस्कृतिक विरासत को संरक्षित रखने की प्रतिबद्धता का एक महत्वपूर्ण मील का पत्थर है। उन्होंने कहा कि अपनी शानदार स्थिति और उचित रेल, हवाई और सड़क संपर्क के कारण यह होटल पर्यटकों के लिए पर्यटन का पसंदीदा स्थान बन जाएगा।
---